# ਘਰ ਵਿੱਚ ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ



Safe KIDS CANADA
Sécuri JEUNES CANADA

## ਆਪਣੇ ਬੱਚੇ ਨੂੰ ਸੜਣ ਤੋਂ ਬਚਾਓ



ਧੂੰਏ ਦਾ ਪਤਾ ਲਗਾਉਣ ਦੇ ਜੰਤਰ (ਸਮੋਕ ਡਿਟੈਕਟਰ) ਨੂੰ ਘਰਾਂ ਵਿੱਚ ਅੱਗ ਲਗਣ ਦੀ ਚੇਤਾਵਨੀ ਦੇਣ ਲਈ ਲਗਾਇਆ ਜਾਂਦਾ ਹੈ। ਇਹ ਯਕੀਨੀ ਬਣਾਓ ਕਿ ਤੁਹਾਡੇ ਘਰ ਦੇ ਹਰ ਲੈਵਲ ਤੇ ਅਤੇ ਸੋਣ ਦੇ ਕਮਰੇਆਂ ਦੇ ਬਾਹਰ ਸਮੋਕ ਡਿਟੈਕਟਰ ਲਗਿਆ ਹੋਇਆ ਹੈ।

ਹਰ ਛੇ ਮਹੀਨੇ ਬਾਅਦ ਆਪਣੇ ਸਮੋਕ ਡਿਟੈਕਟਰ ਨੂੰ ਚੈਕ ਕਰੋ ਅਤੇ ਇਸ ਦੀਆਂ ਬੈਟਰੀਆਂ ਸਾਲ ਵਿੱਚ ਇੱਕ ਵਾਰ ਜ਼ਰੂਰ ਬਦਲੋ।

ਟੂਟੀ ਦਾ ਗਰਮ ਪਾਣੀ ਤੁਹਾਡੇ ਬੱਚੇ ਨੂੰ ਬੁਰੀ ਤਰ੍ਹਾਂ ਸਾੜ ਸਕਦਾ ਹੈ। ਪਾਣੀ ਨੂੰ ਹਮੇਸ਼ਾ ਆਪਣੇ ਹੱਥ ਨਾਲ ਟੈਸਟ ਕਰੋ। ਪਾਣੀ ਕੋਸਾ ਹੋਣਾ ਚਾਹੀਦਾ ਹੈ ਨਾਕਿ ਗਰਮ।

ਜਦੋਂ ਤੁਸੀ ਕੁਝ ਪਕਾ ਰਹੇ ਹੋਵੋ ਜਾਂ ਕੋਈ ਪੀਣ ਵਾਲੀ ਗਰਮ ਚੀਜ਼ ਬਣਾ ਰਹੇ ਹੋਵੋ ਤਾਂ ਆਪਣੇ ਬੱਚੇ ਨੂੰ ਸੁਰੱਖਿਆ ਨਾਲ ਆਪਣੇ ਰਸਤੇ ਤੋਂ ਪਰੇ ਰੱਖੋ।